**Office of Deputy Commissioner, Fazilka**
**ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**
**(ਫੁੱਟਕਲ ਸਾਖਾ)**

---

ਹੁਕਮ :-

Covid-19 (ਕੋਰੋਨਾ ਵਾਇਰਸ) ਵੱਲੋਂ ਪੂਰੇ ਦੇਸ਼ ਵਿਚ ਦਹਿਸ਼ਤ ਫੈਲਾਈ ਹੋਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿਚ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ। ਇਸ ਸਬੰਧੀ ਇਸ ਦਫ਼ਤਰ ਦੇ ਪੱਤਰ ਨੰਬਰ ਐਮ.ਸੀ-1/ਐਮ.ਏ./2020/4370-92/ ਮਿਤੀ 23-03-2020 ਰਾਹੀਂ ਕੋਰੋਨਾ ਵਾਇਰਸ ਦੀ ਰੋਕਥਾਮ ਲਈ ਮਿਤੀ 23-03-2020 ਤੋਂ ਮਿਤੀ 31-03-2020 ਤੱਕ ਕਰਫਿਊ ਦੇ ਆਦੇਸ਼ ਦਿੱਤੇ ਸਨ।

ਮੌਕੇ ਦੇ ਹਾਲਾਤਾਂ ਨੂੰ ਦੇਖਦੇ ਹੋਏ, ਮੁਢਲੀਆਂ ਸਹੂਲਤਾਂ ਉਪਲਬਧ ਕਰਾਉਣ ਲਈ ਕਰਫਿਊ ਦੇ ਆਦੇਸ਼ਾਂ ਵਿਚ ਇਸ ਦਫਤਰ ਦੇ ਪੱਤਰ ਨੰਬਰ : 4469-86/ਐਮ.ਸੀ.-3/ਐਮ.ਏ. ਮਿਤੀ 23-03-2020 ਰਾਹੀਂ ਅਖ਼ਬਾਰਾਂ ਦੀ ਵੰਡ, ਦੁੱਧ ਦੀ ਸਪਲਾਈ ਅਤੇ ਪੱਠੇ ਦੀਆਂ ਟਾਲਾਂ ਅਤੇ ਫੇਰ ਇਸ ਦਫਤਰ ਦੇ ਪੱਤਰ ਨੰਬਰ 4700-30/ਐਮ.ਸੀ-1/ਐਮ.ਏ. ਮਿਤੀ 24-03-2020 ਰਾਹੀਂ ਪੈਟਰੋਲ/ਡੀਜ਼ਲ ਦੀ ਵਿੱਕਰੀ, ਗੈਸ ਦੀ ਸਪਲਾਈ, ਸਬਜ਼ੀ/ਫੱਲ ਦੀ ਵਿੱਕਰੀ, ਕਰਿਆਣੇ ਦੀ ਵਿੱਕਰੀ ਅਤੇ ਦਵਾਈਆਂ ਦੀ ਸਪਲਾਈ ਅਤੇ ਫੇਰ ਇਸ ਦਫਤਰ ਦੇ ਪੱਤਰ ਨੰਬਰ 4877-92/ਐਮ.ਸੀ-3/ਐਮ.ਏ./ਮਿਤੀ 25-03-2020 ਰਾਹੀਂ ਕੀਟਨਾਸ਼ਕ ਅਤੇ ਫਰਟੀਲਾਈਜ਼ਰ ਦੀ ਸਪਲਾਈ, ਪਸ਼ੂਆਂ/ਪੋਲਟਰੀ ਦਾ ਆਹਾਰ, ਆਟਾ ਚੱਕੀ, ਜਿੰਮੀਦਾਰਾਂ ਨੂੰ ਸਬਜ਼ੀ/ਫੱਲ ਮੰਡੀ ਅਤੇ ਕੋਲਡ ਸਟੋਰ ਵਿਚ ਜਮ੍ਹਾਂ ਕਰਵਾਉਣ ਬਾਬਤ, ਕਿੰਨੂਆਂ ਦੀ ਵੈਕਸਿੰਗ ਅਤੇ ਕੋਲਡ ਸਟੋਰ ਵਿਚ ਜਮ੍ਹਾਂ ਕਰਵਾਉਣ ਬਾਬਤ ਅਤੇ ਦੁੱਧ ਸੈਂਟਰਾਂ ਵਿਚ ਦੁੱਧ ਜਮ੍ਹਾਂ ਕਰਵਾਉਣ ਸਬੰਧੀ, ਫੇਰ ਇਸ ਦਫਤਰ ਦੇ ਪੱਤਰ ਨੰਬਰ 5276-96/ਐਮ.ਸੀ-3/ਐਮ.ਏ./ਮਿਤੀ 26-03-2020 ਰਾਹੀ ਪੈਟਰੋਲ/ਡੀਜ਼ਲ ਦੀ ਰੋਜਾਨਾ ਵਿੱਕਰੀ ਨੈਸ਼ਨਲ ਹਾਈਵੇ/ਸਟੇਟ ਹਾਈਵੇ, ਗੈਸ ਸਪਲਾਈ ਦੇ ਸਮੇਂ ਵਿਚ ਵਾਧਾ, ਸਬਜੀ/ਫੱਲ ਦੀ ਵਿੱਕਰੀ ਵਿਚ ਇੱਕ ਦਿਨ ਦਾ ਵਾਧਾ, ਕਰਿਆਣੇ ਦੀ ਵਿੱਕਰੀ ਵਿਚ ਦੋ ਦਿਨ੍ਹਾਂ ਅਤੇ ਸਮੇਂ ਵਿਚ ਵਾਧਾ, ਕੀਟਨਾਸ਼ਕ ਅਤੇ ਫਰਟੀਲਾਈਜ਼ਰ ਦੀ ਸਪਲਾਈ ਵਿਚ ਇੱਕ ਦਿਨ ਅਤੇ ਸਮੇਂ ਵਿਚ ਵਾਧਾ, ਕਿੰਨੂਆਂ ਦੀ ਵੈਕਸਿੰਗ/ਸਟੋਰੇਜ਼/ਬਾਹਰਲੇ ਰਾਜਾਂ/ਜ਼ਿਲ੍ਹੇ ਵਿਚ ਅਤੇ ਸਮੇਂ ਵਿਚ ਵਾਧਾ, ਅਤੇ ਬੈਂਕਾਂ ਨੂੰ ਖੋਲਣ ਸਬੰਧੀ ਸਬੰਧਤ ਅਦਾਰਿਆਂ/ਦੁਕਾਨਦਾਰਾਂ ਨੂੰ ਢਿੱਲ ਦਿੱਤੀ ਗਈ ਸੀ ਕਿ ਉਹ ਆਮ ਜਨਤਾ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸਮੂਹ ਲੋੜੀਂਦੀਆਂ ਵਸਤਾਂ ਆਪਣੇ ਪੱਧਰ ਤੇ ਘਰ-2 ਪਹੁੰਚਾਉਣ ਦੇ ਜਿੰਮੇਵਾਰ ਹੋਣਗੇ, ਤਾਂ ਜੋ ਕੋਰੋਨਾ ਵਾਇਰਸ ਨੂੰ ਮੁੱਖ ਰੱਖਦੇ ਹੋਏ ਆਮ ਜਨਤਾ ਨੂੰ ਘਰਾਂ ਤੋਂ ਬਾਹਰ ਆਉਣ ਤੋਂ ਰੋਕਿਆ ਜਾ ਸਕੇ। ਇਹ ਆਦੇਸ਼ ਪਹਿਲਾਂ ਦੀ ਤਰ੍ਹਾਂ ਲਾਗੂ ਰਹਿਣਗੇ ਅਤੇ ਇਸ ਤੋਂ ਇਲਾਵਾ ਹੋਰ ਜਰੂਰੀ ਵਸਤਾਂ ਦੀ ਵੰਡ ਨੂੰ ਦੇਖਦੇ ਹੋਏ ਗੈਸ ਏਜੰਸੀਆਂ ਅਤੇ ਆਟਾ ਚੱਕੀ ਮਾਲਕਾਨ ਨੂੰ ਹੇਠ ਲਿਖੇ ਅਨੁਸਾਰ ਮਿਤੀ 31-03-2020 ਤੱਕ ਆਮ ਜਨਤਾ ਨੂੰ ਘਰ-2 ਸਹੂਲਤ ਮੁਹੱਈਆ ਕਰਵਾਉਣ ਲਈ ਢਿੱਲ ਦਿੱਤੀ ਜਾਂਦੀ ਹੈ :-

1) <u>ਗੈਸ ਦੀ ਸਪਲਾਈ</u> :- ਜਿਵੇ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਪਹਿਲਾਂ ਹੀ ਗੈਸ ਦੀ ਸਪਲਾਈ ਆਮ ਜਨਤਾ ਨੂੰ ਉਹਨਾਂ ਦੇ ਘਰਾਂ ਵਿਚ ਪਹੁੰਚਾਉਣ ਲਈ ਮਿਤੀ 25, 27, 29, ਅਤੇ 31-03-2020 ਤੱਕ ਸਵੇਰੇ 08-00 ਵਜੇ ਤੋਂ ਦੁਪਿਹਰ 06:00 ਵਜੇ ਤੱਕ ਢਿੱਲ ਦਿੱਤੀ ਗਈ ਸੀ। ਆਮ ਜਨਤਾ ਨੂੰ ਹੋਰ ਬੇਹੱਤਰ ਅਤੇ ਸਮਾਂ ਬੱਧ ਸਹੂਲਤ ਦਿੰਦੇ ਹੋਏ, ਹੁਣ ਗੈਸ ਦੀ ਸਪਲਾਈ ਆਮ ਜਨਤਾ ਤੱਕ ਅਸਾਨੀ ਨਾਲ ਪਹੁੰਚਾਉਣ ਦੇ ਲਈ ਮਿਤੀ 27,28,29,30 ਅਤੇ 31-03-2020 ਲਈ ਸਮ੍ਹਾਂ ਸਵੇਰੇ 08:00 ਵਜੇ ਤੋਂ ਸ਼ਾਮ 06-00 ਵਜੇ ਤੱਕ ਨਿਸ਼ਚਿਤ ਕੀਤਾ ਜਾਂਦਾ ਹੈ, ਤਾਂ ਜੋ ਆਮ ਜਨਤਾ ਨੂੰ ਹੋਰ ਅਸਾਨੀ ਨਾਲ ਸਹੂਲਤ ਮਿਲ ਸਕੇ।ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ।

2) <u>ਆਟਾ ਚੱਕੀ</u> :- ਜਿਵੇ ਕਿ ਜ਼ਿਲ੍ਹਾ ਫਾਜ਼ਿਲਕਾ ਵਿਚ ਪਹਿਲਾਂ ਹੀ ਆਟਾ ਚੱਕੀ ਮਾਲਕਾਨ ਨੂੰ ਕਣਕ ਦੀ ਪਿਸਾਈ ਆਮ ਜਨਤਾਂ ਅਤੇ ਆਟੇ ਦੀ ਥੈਲੀਆਂ ਦੁਕਾਨਦਾਰਾਂ ਦੀ ਮੰਗ ਅਨੁਸਾਰ ਉਨ੍ਹਾਂ ਦੇ ਘਰਾਂ/ਦੁਕਾਨਦਾਰਾਂ ਵਿਚ ਪਹੁੰਚਾਉਣ ਲਈ ਮਿਤੀ 27-03-2020, 31-03-2020 ਨੂੰ ਸਮ੍ਹਾਂ ਦੁਪਿਹਰ 12:00 ਵਜੇ ਤੋਂ ਸ਼ਾਮ 06:00 ਵਜੇ ਤੱਕ ਢਿੱਲ ਦਿੱਤੀ

Scanned with CamScanner

**Office of Deputy Commissioner, Fazilka**
**ਦਫਤਰ ਡਿਪਟੀ ਕਮਿਸ਼ਨਰ, ਫਾਜ਼ਿਲਕਾ**
**(ਫੁੱਟਕਲ ਸ਼ਾਖਾ)**

---

ਗਈ ਸੀ। ਆਮ ਜਨਤਾ ਨੂੰ ਹੋਰ ਬੇਹੱਤਰ ਅਤੇ ਸਮਾਂ ਬੱਧ ਸਹੂਲਤ ਦਿੰਦੇ ਹੋਏ, ਹੁਣ ਇਹ ਵਾਧਾ ਮਿਤੀ 27,28,29,30 ਅਤੇ 31-03-2020 ਤੱਕ ਨਿਸ਼ਚਿਤ ਕੀਤਾ ਜਾਂਦਾ ਹੈ, ਤਾਂ ਜੋ ਆਮ ਜਨਤਾ ਨੂੰ ਹੋਰ ਅਸਾਨੀ ਨਾਲ ਸਹੂਲਤ ਮਿਲ ਸਕੇ। ਬਾਕੀ ਹਦਾਇਤਾਂ ਪਹਿਲਾਂ ਦੀ ਤਰ੍ਹਾਂ ਬਰਕਰਾਰ ਰਹਿਣਗੀਆਂ।

**ਇਹ ਹੁਕਮ ਅੱਜ ਮਿਤੀ 27-03-2020 ਨੂੰ ਮੇਰੇ ਹਸਤਾਖਰ/ਅਦਾਲਤੀ ਮੋਹਰ ਹੇਠ ਜਾਰੀ ਕੀਤਾ ਜਾਂਦਾ ਹੈ।**

Office of the Distt. Magistrate • FAZILKA •

27/3/20
ਅਰਵਿੰਦ ਪਾਲ ਸਿੰਘ ਸੰਧੂ, ਆਈ.ਏ.ਐਸ.
ਜ਼ਿਲ੍ਹਾ ਮੈਜਿਸਟਰੇਟ, ਫਾਜ਼ਿਲਕਾ।

ਪਿੱਠ ਅੰਕਣ ਨੰਬਰ :- 5155-70 /ਐਮ.ਸੀ.3/ਐਮ.ਏ. ਮਿਤੀ 27-03-2020

ਇਸ ਦਾ ਇੱਕ ਉਤਾਰਾ ਇਸ ਦਫਤਰ ਦੇ ਪੱਤਰ ਨੰਬਰ ਐਮ.ਸੀ./ਐਮ.ਏ./2020/ 4370-92/ ਮਿਤੀ 23-03-2020, ਪੱਤਰ ਨੰਬਰ 4469-86/ਐਮ.ਸੀ.-3/ਐਮ.ਏ. ਮਿਤੀ 23-03-2020, ਪੱਤਰ ਨੰਬਰ 4700-30/ਐਮ.ਸੀ-1/ਐਮ.ਏ. ਮਿਤੀ 24-03-2020 ਅਤੇ ਪੱਤਰ ਨੰ. 4877-92/ਐਮ.ਸੀ-3/ਐਮ.ਏ./ਮਿਤੀ 25-03-2020, ਪੱਤਰ ਨੰ. 5276-96/ਐਮ.ਸੀ-3/ਐਮ.ਏ./ਮਿਤੀ 26-03-2020 ਦੀ ਲਗਾਤਾਰਤਾ ਵਿਚ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਮੁੱਖ ਸਕੱਤਰ, ਪੰਜਾਬ ਸਰਕਾਰ ਚੰਡੀਗੜ੍ਹ।
2) ਵਧੀਕ ਮੁੱਖ ਸਕੱਤਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਪੰਜਾਬ ਸਰਕਾਰ, ਚੰਡੀਗੜ੍ਹ।
3) ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ ਚੰਡੀਗੜ੍ਹ।
4) ਕਮਿਸ਼ਨਰ, ਫਿਰੋਜ਼ਪੁਰ ਮੰਡਲ ਫਿਰੋਜ਼ਪੁਰ।
5) ਜ਼ਿਲ੍ਹਾ ਅਤੇ ਸੈਸ਼ਨ ਜੱਜ, ਫਾਜ਼ਿਲਕਾ।
6) ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ ।
7) ਸਿਵਲ ਸਰਜਨ, ਫਾਜ਼ਿਲਕਾ ।
8) ਵਧੀਕ ਡਿਪਟੀ ਕਮਿਸ਼ਨਰ (ਜਨ) / (ਵਿਕਾਸ) ਫਾਜ਼ਿਲਕਾ ।
9) ਸਮੂਹ ਉਪ ਮੰਡਲ ਮੈਜਿਸਟਰੇਟ, ਜ਼ਿਲ੍ਹਾ ਫਾਜ਼ਿਲਕਾ।
10) ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਾਜ਼ਿਲਕਾ ।
11) ਪ੍ਰਧਾਨ ਗੈਸ ਏਜੰਸੀ/ ਪ੍ਰਧਾਨ ਆਟਾ ਚੱਕੀ ਐਸੋਸੀਏਸ਼ਨ ਮਾਰਫਤ ਸੀਨੀਅਰ ਕਪਤਾਨ ਪੁਲਿਸ, ਫਾਜ਼ਿਲਕਾ।
12) ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ

ਵਾ.ਜ਼ਿਲ੍ਹਾ ਮੈਜਿਸਟਰੇਟ,
ਫਾਜ਼ਿਲਕਾ।

Scanned with CamScanner